Public Guardian and Trustee of British Columbia

ਅਡੱਲਟ ਗਾਰਡੀਅਨਸ਼ਿਪ

# ਬਾਲਗਾਂ ਨੂੰ ਬੁਰੇ ਵਰਤਾਉ, ਅਣਗਿਹਲੀ ਅਤੇ ਸਵੈ-ਅਣਗਿਹਲੀ ਤੋਂ ਬਚਾਉਣਾ

ਬ੍ਰਿਟਿਸ਼ ਕੋਲੰਬੀਆ ਵਿਚ ਬਾਲਗਾਂ ਲਈ ਸਵੈ-ਫੈਸਲੇ ਵਿਚ ਮਦਦ ਕਰਨਾ

ਜਦੋਂ ਬਾਲਗਾਂ ਨਾਲ ਬੁਰਾ ਵਰਤਾਉ ਹੁੰਦਾ ਹੈ ਜਾਂ ਉਨ੍ਹਾਂ ਪ੍ਰਤੀ ਅਣਗਹਿਲੀ ਹੁੰਦੀ ਹੈ ਤਾਂ ਇਹ ਜਾਣਨਾ ਔਖਾ ਹੋ ਸਕਦਾ ਹੈ ਕਦੋਂ ਦਖਲ ਦੇਣਾ ਹੈ। ਅਸੀਂ ਮਿੱਥ ਲੈਂਦੇ ਹਾਂ ਕਿ ਬਾਲਗ ਆਪਣਾ ਖਿਆਲ ਆਪ ਰੱਖ ਸਕਦੇ ਹਨ, ਪਰ ਅਸੀਂ ਜਾਣਦੇ ਹਾਂ ਕਿ ਇਹ ਸਦਾ ਸੱਚ ਨਹੀਂ ਹੈ। ਕਦੇ ਕਦੇ ਕਿਸੇ ਸਰੀਰਕ ਬੰਦਸ਼, ਸਰੀਰਕ ਅਪਾਹਜਤਾ, ਕਿਸੇ ਰੋਗ, ਕਿਸੇ ਬੀਮਾਰੀ, ਸੱਟ ਜਾਂ ਹੋਰ ਹਾਲਤ ਕਰਕੇ ਜਿਹੜੀ ਫੈਸਲੇ ਕਰਨ ਦੀ ਉਨ੍ਹਾਂ ਦੀ ਸਮਰੱਥਾ 'ਤੇ ਅਸਰ ਪਾਉਂਦੀ ਹੈ, ਬਾਲਗ ਉਹ ਮਦਦ ਨਹੀਂ ਲੈ ਸਕਦੇ ਜਿਸ ਦੀ ਉਨ੍ਹਾ ਨੂੰ ਲੋੜ ਹੈ।

*ਅਡੱਲਟ ਗਾਰਡੀਅਨਸ਼ਿਪ ਐਕਟ (ਏ ਜੀ ਏ)* ਦਾ ਹਿੱਸਾ 3: ਬੁਰੇ ਵਰਤਾਉ ਅਤੇ ਅਣਗਹਿਲੀ ਵਾਲੇ ਬਾਲਗਾਂ ਲਈ ਮਦਦ ਅਤੇ ਸਹਾਇਤਾ ਅਜਿਹੀਆਂ ਹਾਲਤਾਂ ਦਾ ਹੱਲ ਕਰਦਾ ਹੈ। ਇਹ:

- ਬੁਰੇ ਵਰਤਾਉ, ਅਣਗਿਹਲੀ ਅਤੇ ਸਵੈ-ਅਣਗਿਹਲੀ ਬਾਰੇ ਦੱਸਦਾ ਹੈ ਅਤੇ ਸਾਡੇ ਕਾਰਜਾਂ ਨੂੰ ਸੇਧ ਦੇਣ ਲਈ ਸਿਧਾਂਤ ਨਿਸ਼ਚਤ ਕਰਦਾ ਹੈ,
- ਮਦਦ ਅਤੇ ਸਹਾਇਤਾ ਦੇ ਪ੍ਰਬੰਧ ਨੂੰ ਉਤਸ਼ਾਹ ਦਿੰਦਾ ਹੈ,
- ਜੇ ਲੋੜ ਹੋਵੇ ਤਾਂ ਉਨ੍ਹਾਂ ਲੋਕਾਂ ਲਈ ਜ਼ਿਆਦਾ ਰਸਮੀ ਦਖਲਅੰਦਾਜ਼ੀ ਲਈ ਕਾਨੂੰਨੀ ਢੰਗ ਪ੍ਰਦਾਨ ਕਰਦਾ ਹੈ ਜਿਹੜੇ ਆਪਣੇ ਆਪ ਮਦਦ ਲੈਣ ਦੇ ਅਸਮਰੱਥ ਹਨ,
- ਤਾਲਮੇਲ ਵਾਲੇ ਕਮਿਉਨਟੀ ਹੁੰਗਾਰੇ ਦੇ ਵਿਕਾਸ ਨੂੰ ਯੋਗ ਬਣਾਉਂਦਾ ਹੈ ਜਿਸ ਨੂੰ ਕਮਿਉਨਟੀ ਰਿਸਪੌਂਸ ਨੈੱਟਵਰਕਸ ਜਾਂ ਸੀ ਆਰ ਐੱਨਜ਼ ਆਖਿਆ ਜਾਂਦਾ ਹੈ।

## *ਏ ਜੀ ਏ* ਅਧੀਨ ਬੁਰਾ ਵਰਤਾਉ, ਅਣਗਿਹਲੀ ਅਤੇ ਸਵੈ-ਅਣਗਿਹਲੀ ਕੀ ਹੈ?

**ਬੁਰਾ ਵਰਤਾਉ** (ਅਬਿਊਜ਼) ਸੋਚ ਸਮਝ ਕੇ ਕੀਤਾ ਜਾਣਾ ਵਾਲਾ ਦੁਰਵਿਵਹਾਰ ਹੈ ਜਿਹੜਾ ਸਰੀਰਕ, ਮਾਨਸਿਕ ਜਾਂ ਜਜ਼ਬਾਤੀ ਨੁਕਸਾਨ ਕਰਦਾ ਹੈ, ਜਾਂ ਬਾਲਗ ਦੇ ਵਿੱਤੀ ਮਾਮਲਿਆਂ ਵਿਚ ਨੁਕਸਾਨ ਕਰਦਾ ਹੈ। ਇਸ ਵਿਚ ਸ਼ਾਮਲ ਹੈ:

- ਡਰਾਉਣਾ
- ਬੇਇੱਜ਼ਤੀ ਕਰਨਾ
- ਸਰੀਰਕ ਹਮਲਾ
- ਕਾਮੁਕ ਹਮਲਾ
- ਜ਼ਿਆਦਾ ਦਵਾਈ ਦੇਣਾ
- ਲੋੜੀਂਦੀ ਦਵਾਈ ਨਾ ਦੇਣਾ
- ਡਾਕ ਚੈੱਕ ਕਰਨਾ
- ਪ੍ਰਾਈਵੇਸੀ ਵਿਚ ਦਖਲ ਦੇਣਾ ਜਾਂ ਪ੍ਰਾਈਵੇਸੀ ਤੋਂ ਨਾਂਹ ਕਰਨਾ, ਅਤੇ
- ਮਿਲਣ ਵਾਲਿਆਂ ਨੂੰ ਮਿਲਣ ਤੋਂ ਨਾਂਹ ਕਰਨਾ

**ਅਣਗਹਿਲੀ** (ਨੈਗਲਿਕਟ) ਕੋਈ ਵੀ ਉਹ ਲੋੜੀਂਦੀ ਸੰਭਾਲ, ਮਦਦ, ਅਗਵਾਈ ਕਰਨ, ਜਾਂ ਧਿਆਨ ਦੇਣ ਵਿਚ ਫੇਲ੍ਹ ਹੋਣਾ ਹੈ, ਜੇ ਉਸ ਨਾਕਾਮੀ ਕਾਰਨ, ਥੋੜ੍ਹੇ ਜਿਹੇ ਸਮੇਂ ਦੇ ਵਿਚ, ਗੰਭੀਰ ਸਰੀਰਕ, ਮਾਨਸਿਕ ਜਾਂ ਜਜ਼ਬਾਤੀ ਨੁਕਸਾਨ ਹੋਇਆ ਹੈ ਜਾਂ ਵਾਜਬ ਤੌਰ ’ਤੇ ਨੁਕਸਾਨ ਹੋਣ ਦੀ ਸੰਭਾਵਨਾ ਹੈ, ਜਾਂ ਬਾਲਗ ਦੇ ਵਿੱਤੀ ਮਾਮਲਿਆਂ ਦੇ ਸਬੰਧ ਵਿਚ ਕਾਫੀ ਨੁਕਸਾਨ ਹੋਇਆ ਹੈ ਜਾਂ ਹੋਣ ਦੀ ਸੰਭਾਵਨਾ ਹੈ।

**ਸਵੈ-ਅਣਗਹਿਲੀ** (ਸੈਲਫ ਨੈਗਲਿਕਟ) ਬਾਲਗ ਵਲੋਂ ਆਪਣੀ ਸੰਭਾਲ ਕਰਨ ਵਿਚ ਫੇਲ੍ਹ ਹੋਣਾ ਹੈ, ਜਿਸ ਨਾਲ ਥੋੜ੍ਹੇ ਜਿਹੇ ਸਮੇਂ ਦੇ ਵਿਚ, ਗੰਭੀਰ ਸਰੀਰਕ ਜਾਂ ਮਾਨਸਿਕ ਨੁਕਸਾਨ ਹੋਇਆ ਹੈ ਜਾਂ ਵਾਜਬ ਤੌਰ ’ਤੇ ਨੁਕਸਾਨ ਹੋਣ ਦੀ ਸੰਭਾਵਨਾ ਹੈ, ਜਾਂ ਬਾਲਗ ਦੇ ਵਿੱਤੀ ਮਾਮਲਿਆਂ ਦੇ ਸਬੰਧ ਵਿਚ ਕਾਫੀ ਨੁਕਸਾਨ ਹੋਇਆ ਹੈ ਜਾਂ ਹੋਣ ਦੀ ਸੰਭਾਵਨਾ ਹੈ।

ਇਸ ਵਿਚ ਸ਼ਾਮਲ ਹੈ:

- ਸਿਹਤ ਲਈ ਖਰਾਬ ਹਾਲਤਾਂ ਵਿਚ ਰਹਿਣਾ,
- ਕਿਸੇ ਅਜਿਹੇ ਰੋਗ, ਬੀਮਾਰੀ ਜਾਂ ਸੱਟ ਤੋਂ ਪੀੜਤ ਹੋਣਾ ਜਿਸ ਦਾ ਇਲਾਜ ਨਾ ਹੋ ਰਿਹਾ ਹੋਵੇ,
- ਪੂਰਨ ਖੁਰਾਕ ਨਾ ਲੈ ਰਹੇ ਹੋਣਾ ਜਿਸ ਨਾਲ ਉਸ ਵਿਅਕਤੀ ਦੀ ਸਰੀਰਕ ਜਾਂ ਮਾਨਸਿਕ ਸਿਹਤ ਗੰਭੀਰ ਰੂਪ ਵਿਚ ਵਿਗੜਨ ਦੀ ਸੰਭਾਵਨਾ ਹੈ, ਜਿਸ ਨਾਲ ਅਜਿਹੀ ਖਤਰਨਾਕ ਹਾਲਤ ਪੈਦਾ ਹੋ ਜਾਵੇਗੀ ਜਿਸ ਨਾਲ ਬਾਲਗ ਜਾਂ ਹੋਰਨਾਂ ਨੂੰ ਗੰਭੀਰ ਸਰੀਰਕ ਨੁਕਸਾਨ ਹੋਣ ਦੀ ਸੰਭਾਵਨਾ ਹੈ ਜਾਂ ਪ੍ਰਾਪਰਟੀ ਨੂੰ ਕਾਫੀ ਨੁਕਸਾਨ ਹੋਵੇਗਾ, ਅਤੇ
- ਕਿਸੇ ਰੋਗ, ਬੀਮਾਰੀ ਜਾਂ ਸੱਟ ਤੋਂ ਪੀੜਤ ਹੋਣਾ ਜਿਸ ਦੇ ਨਤੀਜੇ ਵਜੋਂ ਬਾਲਗ ਆਪਣੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਇਸ ਤਰੀਕੇ ਨਾਲ ਚਲਾ ਰਿਹਾ ਹੈ ਕਿ ਇਸ ਨਾਲ ਕਾਫੀ ਨੁਕਸਾਨ ਹੋਣ ਦੀ ਸੰਭਾਵਨਾ ਹੈ।

*ਏ ਜੀ ਏ* ਕਿਸੇ ਪਬਲਿਕ ਥਾਂ ’ਤੇ, ਬਾਲਗ ਦੇ ਘਰ, ਸੰਭਾਲ ਕਰਨ ਵਾਲੇ ਸਥਾਨ ਜਾਂ ਕਿਸੇ ਕੋਰੈਕਸ਼ਨਲ ਸੈਂਟਰ ਦੇ ਇਲਾਵਾ ਕਿਸੇ ਵੀ ਹੋਰ ਥਾਂ ’ਤੇ ਹੋ ਰਹੇ ਬੁਰੇ ਵਰਤਾਉ, ਅਣਗਿਹਲੀ ਅਤੇ ਸਵੈ-ਅਣਗਿਹਲੀ ’ਤੇ ਲਾਗੂ ਹੁੰਦਾ ਹੈ।

## *ਏ ਜੀ ਏ* ਅਧੀਨ ਦਖਲਅੰਦਾਜ਼ੀ ਨੂੰ ਸੇਧ ਦੇਣ ਵਾਲੇ ਸਿਧਾਂਤ ਕੀ ਹਨ?

- ਸਾਰੇ ਬਾਲਗ ਉਸ ਤਰੀਕੇ ਨਾਲ ਰਹਿਣ ਦੇ ਹੱਕਦਾਰ ਹਨ ਜਿਸ ਤਰ੍ਹਾਂ ਉਹ ਚਾਹੁੰਦੇ ਹਨ ਅਤੇ ਮਦਦ, ਸਹਾਇਤਾ ਜਾਂ ਹਿਫਾਜ਼ਤ ਪ੍ਰਵਾਨ ਕਰਨ ਜਾਂ ਪ੍ਰਵਾਨ ਕਰਨ ਤੋਂ ਨਾਂਹ ਕਰਨ ਦੇ ਹੱਕਦਾਰ ਹਨ ਜੇ ਉਹ ਹੋਰਨਾਂ ਨੂੰ ਨੁਕਸਾਨ ਨਹੀਂ ਪਹੁੰਚਾਉਂਦੇ ਅਤੇ ਜੇ ਉਹ ਇਨ੍ਹਾਂ ਮਾਮਲਿਆਂ ਬਾਰੇ ਫੈਸਲੇ ਕਰਨ ਦੇ ਸਮਰੱਥ ਹਨ।
- ਜਦੋਂ ਉਹ ਆਪਣੀ ਸੰਭਾਲ ਜਾਂ ਆਪਣੇ ਵਿੱਤੀ ਮਾਮਲਿਆਂ ਦੀ ਸੰਭਾਲ ਆਪ ਕਰਨ ਦੇ ਅਸਮਰੱਥ ਹੁੰਦੇ ਹਨ ਤਾਂ ਸਾਰੇ ਬਾਲਗਾਂ ਨੂੰ ਸਭ ਤੋਂ ਅਸਰਦਾਰ, ਪਰ ਘੱਟ ਤੋਂ ਘੱਟ ਟੰਗ ਅੜਾਉਣ ਵਾਲੀ ਅਤੇ ਘੱਟ ਤੋਂ ਘੱਟ ਬੰਦਸ਼ਾਂ ਵਾਲੀ ਮਦਦ, ਸਹਾਇਤਾ ਜਾਂ ਹਿਫਾਜ਼ਤ ਮਿਲਣੀ ਚਾਹੀਦੀ ਹੈ।
- ਅਦਾਲਤ ਨੂੰ ਓਨਾ ਚਿਰ ਗਾਰਡੀਅਨ ਨਿਯੁਕਤ ਕਰਨ ਲਈ ਨਹੀਂ ਕਿਹਾ ਜਾਣਾ ਚਾਹੀਦਾ ਅਤੇ ਨਿਯੁਕਤ ਨਹੀਂ ਕਰਨਾ ਚਾਹੀਦਾ ਜਿੰਨਾ ਚਿਰ ਮਦਦ ਅਤੇ ਸਹਾਇਤਾ ਵਰਗੇ ਬਦਲ ਵਰਤ ਕੇ ਨਹੀਂ ਦੇਖ ਲਏ ਗਏ ਜਾਂ ਧਿਆਨ ਨਾਲ ਵਿਚਾਰ ਨਹੀਂ ਲਏ ਗਏ।
- ਜੇ ਉਲਟ ਤਰ੍ਹਾਂ ਨਹੀਂ ਦਿਖਾਇਆ ਗਿਆ ਤਾਂ ਹਰ ਬਾਲਗ ਨਿੱਜੀ ਸੰਭਾਲ, ਸਿਹਤ ਸੰਭਾਲ ਅਤੇ ਵਿੱਤੀ ਮਾਮਲਿਆਂ ਬਾਰੇ ਫੈਸਲੇ ਕਰਨ ਦੇ ਸਮਰੱਥ ਸਮਝਿਆ ਜਾਂਦਾ ਹੈ।
- ਬਾਲਗ ਦਾ ਦੂਜਿਆਂ ਨਾਲ ਗੱਲਬਾਤ ਕਰਨ ਦਾ ਤਰੀਕਾ ਇਹ ਫੈਸਲਾ ਕਰਨ ਦਾ ਆਧਾਰ ਨਹੀਂ ਹੈ ਕਿ ਉਹ ਫੈਸਲੇ ਕਰਨ ਦੇ ਅਸਮਰੱਥ ਹੈ।

## ਮਦਦ ਅਤੇ ਸਹਾਇਤਾ ਕੌਣ ਕਰੇਗਾ ਅਤੇ ਕਾਨੂੰਨੀ ਸਾਧਨ ਕੌਣ ਵਰਤ ਸਕਦਾ ਹੈ?

ਇਨ੍ਹਾਂ ਸਿਧਾਂਤਾਂ ਮੁਤਾਬਕ, ਭਾਵੇਂ ਕੋਈ ਬਾਲਗ ਬੁਰੇ ਵਰਤਾਉ ਵਾਲੀ ਜਾਂ ਅਣਗਹਿਲੀ ਵਾਲੀ ਹਾਲਤ ਵਿਚ ਵੀ ਦਿਖਾਈ ਦਿੰਦਾ ਹੋਵੇ, ਉਸ ਨੂੰ ਇਹ ਫੈਸਲਾ ਕਰਨ ਦਾ ਹੱਕ ਹੈ ਕਿ ਕੀ ਉਸ ਨੇ ਮਦਦ ਦੀ ਪੇਸ਼ਕਸ਼ ਪ੍ਰਵਾਨ ਕਰਨੀ ਹੈ ਜਾਂ ਇਸ ਨੂੰ ਨਾਂਹ ਕਰਨੀ ਹੈ ਜੇ ਉਹ ਅਜਿਹੇ ਫੈਸਲੇ ਕਰਨ ਦੇ ਸਮਰੱਥ ਹੈ।

ਬਹੁਤ ਸਾਰੀਆਂ ਕਮਿਉਨਟੀ ਏਜੰਸੀਆਂ ਹਨ, ਜਿਨ੍ਹਾਂ ਵਿਚ *ਏ ਜੀ ਏ* ਅਧੀਨ ਨਿਯੁਕਤ ਕੀਤੀਆਂ ਗਈਆਂ ਏਜੰਸੀਆਂ ਵੀ ਸ਼ਾਮਲ ਹਨ, ਜਿਹੜੀਆਂ ਹਾਲਤਾਂ ਦੀਆਂ ਇਨ੍ਹਾਂ ਕਿਸਮਾਂ ਬਾਰੇ ਸੁਣ ਸਕਦੀਆਂ ਹਨ ਅਤੇ ਮਦਦ ਦੀ ਪੇਸ਼ਕਸ਼ ਕਰ ਸਕਦੀਆਂ ਹਨ ਜਾਂ ਬਾਲਗ ਨੂੰ ਮਦਦ ਲਈ ਕਿਤੇ ਭੇਜ ਸਕਦੀਆਂ ਹਨ ਜੇ ਉਹ ਇਹ ਚਾਹੁੰਦਾ ਹੋਵੇ।

ਜੇ ਕਿਸੇ **ਨਿਯੁਕਤ ਏਜੰਸੀ** ਨੂੰ ਕਿਸੇ ਬਾਲਗ ਬਾਰੇ ਰਿਪੋਰਟ ਮਿਲਦੀ ਹੈ ਜਿਸ ਬਾਰੇ ਪੜਤਾਲ ਕਰਨ ਅਤੇ ਬਾਲਗ ਨਾਲ ਸਿੱਧੀ ਗੱਲਬਾਤ ਕਰਨ ਦੀ ਉਸ ਦੀ ਕਾਨੂੰਨੀ ਜ਼ਿੰਮੇਵਾਰੀ ਹੈ ਤਾਂ ਉਸ ਦੀ ਹਾਲਤ ਦਾ ਹੱਲ ਕਰਨ ਲਈ ਉਸ ਨੂੰ ਵੱਧ ਤੋਂ ਵੱਧ ਸ਼ਾਮਲ ਕਰਨ ਦੀ ਲੋੜ ਹੈ।

ਬੀ ਸੀ ਵਿਚ ਨਿਯੁਕਤ ਏਜੰਸੀਆਂ ਹਨ:

- ਪੰਜ ਇਲਾਕਾਈ ਹੈਲਥ ਅਥਾਰਟੀਆਂ,
- ਪ੍ਰੌਵੀਡੈਂਸ ਹੈਲਥ ਕੇਅਰ ਸੁਸਾਇਟੀ (ਵੈਨਕੂਵਰ ਵਿਚ ਕੁਝ ਹਸਪਤਾਲ), ਅਤੇ
- ਕਮਿਉਨਟੀ ਲਿਵਿੰਗ ਬੀ ਸੀ (ਉਨ੍ਹਾਂ ਬਾਲਗਾਂ ਲਈ ਜਿਹੜੇ ਇਨ੍ਹਾਂ ਸੇਵਾਵਾਂ ਲਈ ਹੱਕਦਾਰ ਹਨ)।

ਨਿਯੁਕਤ ਏਜੰਸੀਆਂ ਬਾਲਗ ਨੂੰ ਉਸ ਕਿਸਮ ਦੀ ਮਦਦ ਦੇਣ ਲਈ ਉਸ ਨਾਲ ਰਲ ਕੇ ਕੰਮ ਕਰਦੀਆਂ ਹਨ ਜਿਹੜੀ ਉਹ ਚਾਹੁੰਦਾ ਹੈ ਅਤੇ ਜਿਸ ਦੀ ਉਸ ਨੂੰ ਲੋੜ ਹੈ। ਇਸ ਵਿਚ ਦੋਸਤਾਂ, ਪਰਿਵਾਰ ਅਤੇ ਹਿਮਾਇਤੀਆਂ ਤੋਂ ਗੈਰਰਸਮੀ ਮਦਦ ਵੀ ਸ਼ਾਮਲ ਹੋ ਸਕਦੀ ਹੈ। ਇਸ ਵਿਚ ਹੋਰ ਸੇਵਾਵਾਂ ਵੀ ਸ਼ਾਮਲ ਹੋ ਸਕਦੀਆਂ ਹਨ ਜਿਵੇਂ ਕਿ ਘਰ ਵਿਚ ਸਹਾਇਤਾ, ਖਾਣਿਆਂ ਦੀਆਂ ਸੇਵਾਵਾਂ ਜਾਂ ਦਿਨ ਦੇ ਪ੍ਰੋਗਰਾਮ। ਬਹੁਤੀਆਂ ਸਾਰੀਆਂ ਹਾਲਤਾਂ ਦਾ ਹੱਲ ਇਸ ਤਰੀਕੇ ਨਾਲ ਕੀਤਾ ਜਾਵੇਗਾ।

ਜੇ ਹਾਲਤ ਦਾ ਹੱਲ ਗੈਰਰਸਮੀ ਤੌਰ 'ਤੇ ਨਾ ਕੀਤਾ ਜਾ ਸਕਦਾ ਹੋਵੇ ਪਰ ਉਹ ਹਾਲਤ ਚਿੰਤਾਜਨਕ ਜਾਂ ਖਤਰਨਾਕ ਹੈ ਅਤੇ ਨਿਯੁਕਤ ਏਜੰਸੀ ਫਿਕਰਮੰਦ ਹੋਵੇ ਕਿ ਬਾਲਗ ਕਿਸੇ ਸਰੀਰਕ ਬੰਦਸ਼, ਸਰੀਰਕ ਅਪਾਹਜਤਾ ਜਾਂ ਕਿਸੇ ਰੋਗ, ਕਿਸੇ ਬੀਮਾਰੀ, ਸੱਟ ਜਾਂ ਹੋਰ ਹਾਲਤ ਕਰਕੇ, ਜਿਹੜੀ ਫੈਸਲੇ ਕਰਨ ਦੀ ਉਸ ਦੀ ਸਮਰੱਥਾ 'ਤੇ ਅਸਰ ਪਾਉਂਦੀ ਹੈ, ਆਪਣੇ ਆਪ ਮਦਦ ਲੈਣ ਦੇ ਅਸਮਰੱਥ ਜਾਪਦਾ ਹੈ ਤਾਂ *ਏ ਜੀ ਏ* ਬਾਲਗਾਂ ਦੀ ਹਿਫਾਜ਼ਤ ਲਈ ਨਿਯੁਕਤ ਏਜੰਸੀਆਂ ਨੂੰ ਕਾਨੂੰਨੀ ਸਾਧਨ ਦਿੰਦਾ ਹੈ।

ਇਨ੍ਹਾਂ ਸਾਧਨਾਂ ਵਿਚ ਸ਼ਾਮਲ ਹਨ:

- ਕਿਸੇ ਬਾਲਗ ਨੂੰ ਦੇਖਣ ਦਾ ਕਾਨੂੰਨੀ ਅਧਿਕਾਰ ਜਦੋਂ ਉਸ ਤੱਕ ਪਹੁੰਚ ਤੋਂ ਨਾਂਹ ਕਰ ਦਿੱਤੀ ਗਈ ਹੋਵੇ,
- ਬੁਰਾ ਵਰਤਾਉ ਕਰਨ ਵਾਲੇ ਕਥਿਤ ਵਿਅਕਤੀ ਨੂੰ ਦੂਰ ਰੱਖਣ ਲਈ ਥੋੜ੍ਹੇ ਅਤੇ ਲੰਮੇ ਸਮੇਂ ਦੇ ਰਿਸਟਰੇਨਿੰਗ ਆਰਡਰ, ਅਤੇ
- ਬਾਲਗ ਲਈ ਲੋੜੀਂਦੀ ਮਦਦ ਲੈਣ ਲਈ ਅਦਾਲਤੀ ਆਰਡਰਾਂ ਵਿਚ ਮਦਦ ਅਤੇ ਸਹਾਇਤਾ ਜੇ ਉਸ ਨੂੰ ਮਦਦ ਲੈਣ ਤੋਂ ਨਾਂਹ ਕਰਨ ਦੇ ਦਿਮਾਗੀ ਅਸਮਰੱਥ ਸਮਝਿਆ ਗਿਆ ਹੈ।

ਨਿਯੁਕਤ ਏਜੰਸੀਆਂ ਲਈ ਮੁਜਰਮਾਨਾ ਜੁਰਮਾਂ ਬਾਰੇ ਪੁਲੀਸ ਕੋਲ ਰਿਪੋਰਟ ਕਰਨਾ ਵੀ ਜ਼ਰੂਰੀ ਹੈ।

ਆਪਣੇ ਹੈਲਥ ਰੀਜਨ ਵਿਚ ਨਿਯੁਕਤ ਏਜੰਸੀ ਬਾਰੇ ਜ਼ਿਆਦਾ ਜਾਣਨ ਲਈ ਅਤੇ/ਜਾਂ ਲੋਕਲ ਫੋਨ ਨੰਬਰ ਲੈਣ ਲਈ ਅੱਗੇ ਲਿਖੇ ਚੈੱਕ ਕਰੋ:

**ਫਰੇਜ਼ਰ ਹੈਲਥ:**

1.877.REACT.08 (1.877.732.2808)
http://www.fraserhealth.ca/your_care/adult_abuse_and_neglect/getting-help

**ਇਨਟੀਰੀਅਰ ਹੈਲਥ:**

1.844.870.4754

ਸਿੱਧੇ ਕਮਿਊਨਟੀ ਨੰਬਰਾਂ ਲਈ ਇਸ ਵੈੱਬਸਾਈਟ 'ਤੇ ਜਾਉ
https://www.interiorhealth.ca/

**Northern Health:**

1.844.465.7414

**ਵੈਨਕੂਵਰ ਕੋਸਟਲ ਹੈਲਥ:**

ਪ੍ਰੌਵੀਡੈਂਸ ਹੈਲਥ ਕੇਅਰ:
1.877.REACT.99 (1.877.732.2899)

ਕਮਿਊਨਟੀ ਵਿਚ ਸਿੱਧੇ ਜਵਾਬ ਲਈ ਨੰਬਰ -ਨਿਯੁਕਤ ਰਿਸਪੌਂਡਰ ਕੋਆਰਡੀਨੇਟਰਜ਼

**ਵੈਨਕੂਵਰ ਆਈਲੈਂਡ ਹੈਲਥ ਅਥਾਰਟੀ:**

ਸਾਊਥ ਆਈਲੈਂਡ:
1.888.533.2273

ਸੈਂਟਰਲ ਆਈਲੈਂਡ
1.877.734.4101

ਨੌਰਥ ਆਈਲੈਂਡ
1.866.928.4988

**ਕਮਿਊਨਟੀ ਲਿਵਿੰਗ ਬੀ ਸੀ (ਸੀ ਐੱਲ ਬੀ ਸੀ):**

ਸੀ ਐੱਲ ਬੀ ਸੀ ਉਨ੍ਹਾਂ ਸਾਰੇ ਵਿਅਕਤੀਆਂ ਲਈ ਨਿਯੁਕਤ ਏਜੰਸੀ ਹੈ ਜਿਨ੍ਹਾਂ ਨੂੰ ਵਿਕਾਸ ਨਾਲ ਸੰਬੰਧਿਤ ਅਪਾਹਜਤਾ ਹੈ ਜਿਹੜੇ ਸੀ ਐੱਲ ਬੀ ਸੀ ਸੇਵਾਵਾਂ ਲਈ ਯੋਗ ਹਨ। ਸਥਾਨਾਂ ਅਤੇ ਸੰਪਰਕਾਂ ਲਈ ਦੇਖੋ: www.communitylivingbc.ca

ਨਿਯੁਕਤ ਏਜੰਸੀਆਂ ਕੁਝ ਹਾਲਤਾਂ ਵਿਚ ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ) ਨਾਲ ਵੀ ਨੇੜਿਉਂ ਕੰਮ ਕਰ ਸਕਦੀਆਂ ਹਨ।

## ਪੀ ਜੀ ਟੀ ਨਿਯੁਕਤ ਏਜੰਸੀਆਂ ਨਾਲ ਕਿਵੇਂ ਕੰਮ ਕਰਦਾ ਹੈ?

ਜਦੋਂ ਕਿਸੇ ਬਾਲਗ ਦੀ ਸੰਪਤੀ ਖਤਰੇ ਵਿਚ ਹੁੰਦੀ ਹੈ ਅਤੇ ਬਾਲਗ ਆਪਣੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਚਲਾਉਣ ਦੇ ਸਮਰੱਥ ਨਹੀਂ ਹੁੰਦਾ ਹੈ ਤਾਂ ਪੀ ਜੀ ਟੀ ਕੋਲ *ਪਬਲਿਕ ਗਾਰਡੀਅਨ ਐਂਡ ਟਰੱਸਟੀ ਐਕਟ* ਅਧੀਨ ਬੁਰੇ ਵਰਤਾਉ ਅਤੇ ਅਣਗਹਿਲੀ ਦੀਆਂ ਰਿਪੋਰਟਾਂ ਦੀ ਪੜਤਾਲ ਕਰਨ ਦੀਆਂ ਤਾਕਤਾਂ ਹਨ। ਨਤੀਜੇ ਵਜੋਂ, ਪੀ ਜੀ ਟੀ ਨਿਯੁਕਤ ਏਜੰਸੀਆਂ ਤੋਂ ਰਿਪੋਰਟਾਂ ਲੈ ਸਕਦਾ ਹੈ ਜਦੋਂ ਵਿੱਤੀ ਬੁਰੇ ਵਰਤਾਉ, ਅਣਗਹਿਲੀ ਜਾਂ ਸਵੈ-ਅਣਗਹਿਲੀ ਬਾਰੇ ਫਿਕਰ ਹੋਵੇ। ਪੀ ਜੀ ਟੀ ਕੋਲ ਪੜਤਾਲ ਕਰਨ ਅਤੇ ਲੱਭੀਆਂ ਜਾਣ ਵਾਲੀਆਂ ਚੋਣਾਂ ਦਾ ਫੈਸਲਾ ਕਰਨ ਦਾ ਅਧਿਕਾਰ ਹੈ। ਜੇ ਵਿੱਤੀ ਅਤੇ ਕਾਨੂੰਨੀ ਫੈਸਲੇ ਕਰਨ ਲਈ ਬਾਲਗ ਨੂੰ ਕਿਸੇ ਦੀ ਲੋੜ ਹੋਵੇ ਤਾਂ, ਅਤੇ ਘੱਟ ਟੰਗ ਅੜਾਉਣ ਵਾਲੀਆਂ ਚੋਣਾਂ ਉਪਲਬਧ ਨਹੀਂ ਹਨ ਤਾਂ ਪੀ ਜੀ ਟੀ ਬਾਲਗ ਦੀ ਸੰਪਤੀ ਦੀ ਹਿਫਾਜ਼ਤ ਲਈ ਵਿੱਤੀ ਫੈਸਲੇ ਕਰਨ ਖਾਤਰ ਕਮੇਟੀ ਔਫ ਇਸਟੇਟ ਬਣਨ ਲਈ ਕਦਮ ਚੁੱਕ ਸਕਦਾ ਹੈ।

ਕਦੇ ਕਦੇ ਕਿਸੇ ਕਮਜ਼ੋਰ ਬਾਲਗ ਨਾਲ ਕਥਿਤ ਬੁਰੇ ਵਰਤਾਉ, ਅਣਗਹਿਲੀ ਜਾਂ ਸਵੈ-ਅਣਗਹਿਲੀ ਦੇ ਸੰਬੰਧ ਵਿਚ ਪੀ ਜੀ ਟੀ ਨੂੰ ਕਿਸੇ ਦੋਸਤ, ਗੁਆਂਢੀ ਜਾਂ ਫਿਕਰਮੰਦ ਵਿਅਕਤੀ ਤੋਂ ਰਿਪੋਰਟ ਮਿਲਦੀ ਹੈ। ਪੀ ਜੀ ਟੀ ਫਿਕਰਾਂ ਦੀ ਪੜਤਾਲ ਕਰ ਸਕਦਾ ਹੈ। ਪਰ ਜੇ ਸਰੀਰਕ ਖਤਰੇ ਜਾਂ ਨੁਕਸਾਨ ਬਾਰੇ ਫਿਕਰ ਹੋਣ ਤਾਂ ਇਹ ਹਾਲਤ ਬਾਰੇ ਨਿਯੁਕਤ ਏਜੰਸੀ ਨੂੰ ਦੱਸੇਗਾ। ਪੀ ਜੀ ਟੀ ਦੇ ਰੋਲ ਅਤੇ ਸੇਵਾਵਾਂ ਬਾਰੇ ਜ਼ਿਆਦਾ ਜਾਣਕਾਰੀ ਲਈ ਪੀ ਜੀ ਟੀ ਦਾ ਵੈੱਬਸਾਈਟ ਦੇਖੋ: www.trustee.bc.ca.

## ਕਮਿਉਨਟੀ ਰਿਸਪੌਂਸ ਨੈੱਟਵਰਕ ਜਾਂ ਸੀ ਆਰ ਐੱਨ ਕੀ ਹੈ?

ਬੁਰਾ ਵਰਤਾਉ ਅਤੇ ਅਣਗਹਿਲੀ ਗੁੰਝਲਦਾਰ ਮਸਲੇ ਹਨ ਜਿਨ੍ਹਾਂ ਦਾ ਅਸਰਦਾਰ ਤਰੀਕੇ ਨਾਲ ਹੱਲ ਕਰਨ ਲਈ ਕਈ ਲੋਕਾਂ ਅਤੇ ਸੰਸਥਾਵਾਂ ਦੇ ਤਜਰਬੇ ਅਤੇ ਵਾਹ ਦੀ ਲੋੜ ਪੈਂਦੀ ਹੈ। **ਕਮਿਉਨਟੀ ਰਿਸਪੌਂਸ ਨੈੱਟਵਰਕ** ਜਾਂ **ਸੀ ਆਰ ਐੱਨ** ਕਮਿਉਨਟੀ ਵਿਚ ਲੋਕਾਂ ਅਤੇ ਸੰਸਥਾਵਾਂ ਦਾ ਇਕ ਗਰੁੱਪ ਹੈ ਜਿਹੜਾ ਅੱਗੇ ਲਿਖੀਆਂ ਚੀਜ਼ਾਂ ਕਰਕੇ ਬਾਲਗਾਂ ਨਾਲ ਬੁਰੇ ਵਰਤਾਉ, ਅਣਗਹਿਲੀ ਅਤੇ ਸਵੈ-ਅਣਗਹਿਲੀ ਦੇ ਹੱਲ ਲਈ ਤਾਲਮੇਲ ਵਾਲਾ ਹੁੰਗਾਰਾ ਭਰਨ ਲਈ ਰਲ ਕੇ ਕੰਮ ਕਰਦਾ ਹੈ।

- ਕਮਿਉਨਟੀ ਵਿਚ ਹਰ ਇਕ ਉਸ ਵਿਅਕਤੀ ਨੂੰ ਸ਼ਾਮਲ ਕਰਨਾ ਜਿਹੜਾ ਸ਼ਾਮਲ ਹੋਣਾ ਚਾਹੁੰਦਾ ਹੈ;
- ਕਮਿਉਨਟੀ ਵਿਚ ਗਿਆਨ ਪੈਦਾ ਕਰਨਾ ਅਤੇ ਇਸ ਚੀਜ਼ ਬਾਰੇ ਮੈਂਬਰਾਂ ਦਰਮਿਆਨ ਖਰੜਾ ਬਣਾਉਣਾ ਕਿ ਜੇ ਕਿਸੇ ਬਾਲਗ ਨੂੰ ਮਦਦ ਦੀ ਲੋੜ ਹੋਈ ਤਾਂ ਸੰਸਥਾਵਾਂ ਜਾਂ ਏਜੰਸੀਆਂ ਕਿਵੇਂ ਜਵਾਬ ਦੇਣਗੀਆਂ;
- ਇਸ ਚੀਜ਼ ਦਾ ਪਤਾ ਰੱਖਣਾ ਕਿ ਜਵਾਬ ਕਿਵੇਂ ਕੰਮ ਕਰ ਰਿਹਾ ਹੈ; ਅਤੇ
- ਰੋਕਥਾਮ ਲਈ ਕੰਮ ਕਰਨਾ।

ਸੀ ਆਰ ਐੱਨ ਦੇ ਮੈਂਬਰਾਂ ਵਿਚ ਕਮਿਉਨਟੀ ਵਿੱਚੋਂ ਕੋਈ ਵੀ ਹੋ ਸਕਦਾ ਹੈ ਜੋ ਕਿ ਬਾਲਗਾਂ ਨਾਲ ਬੁਰੇ ਵਰਤਾਉ ਅਤੇ ਅਣਗਹਿਲੀ ਬਾਰੇ ਫਿਕਰਮੰਦ ਹਨ ਜਿਸ ਵਿਚ ਨਿਯੁਕਤ ਏਜੰਸੀਆਂ, ਪੁਲੀਸ, ਖਾਸ ਗਰੁੱਪਾਂ ਨੂੰ ਸੇਵਾਵਾਂ ਦੇ ਰਹੀਆਂ ਕਮਿਉਨਟੀ ਸੰਸਥਾਵਾਂ, ਧਾਰਮਿਕ ਕਮਿਉਨਟੀਆਂ, ਵਿੱਤੀ ਸੰਸਥਾਵਾਂ, ਹਿਮਾਇਤੀ ਸੰਸਥਾਵਾਂ ਅਤੇ ਫਿਕਰਮੰਦ ਨਾਗਰਿਕ ਸ਼ਾਮਲ ਹਨ।

ਸੂਬੇ ਦੇ ਸਾਰੇ ਇਲਾਕਿਆਂ ਵਿਚ ਕਮਿਉਨਟੀ ਰਿਸਪੌਂਸ ਨੈੱਟਵਰਕ ਦੀ ਸਰਗਰਮੀ ਹੈ। ਸੀ ਆਰ ਐੱਨਜ਼ ਬਾਰੇ ਜ਼ਿਆਦਾ ਜਾਣਨ ਲਈ www.bccrns.ca. 'ਤੇ ਵੈੱਬਸਾਈਟ ਦੇਖੋ। ਕਮਿਉਨਟੀ ਵਿਚ ਸੀ ਆਰ ਐੱਨ ਦੀ ਸਰਗਰਮੀ ਵਾਲੇ ਸੰਪਰਕ ਵਿਅਕਤੀ ਦਾ ਪਤਾ ਲਾਉਣ ਲਈ ਸੀ ਆਰ ਐੱਨ ਦੇ ਵੈੱਬਸਾਈਟ 'ਤੇ ਜਾਉ ਅਤੇ "ਕੌਨਟੈਕਟ" 'ਤੇ ਕਲਿੱਕ ਕਰੋ।

# ਪਬਲਿਕ ਗਾਰਡੀਅਨ ਐਂਡ ਟਰੱਸਟੀ ਨਾਲ ਸੰਪਰਕ ਕਰੋ

## ਅਸੈੱਸਮੈਂਟ ਅਤੇ ਪੜਤਾਲ ਦੀਆਂ ਸੇਵਾਵਾਂ

700–808 West Hastings Street
Vancouver, BC V6C 3L3

| | |
|---|---|
| ਲੋਕਲ ਫੋਨ | **604 660 4507** |
| ਟੋਲ ਫ੍ਰੀ ਫੋਨ | **1 877 511 4111** |
| ਲੋਕਲ ਫੈਕਸ | **604 660 9479** |
| ਟੋਲ ਫ੍ਰੀ ਫੈਕਸ | **1 855 660 9479** |
| ਈਮੇਲ | **AIS-PDS@trustee.bc.ca** |

## ਦੂਰੋਂ ਮੁਫਤ ਕਾਲਿੰਗ

ਦੂਰੋਂ ਮੁਫਤ ਕਾਲਿੰਗ ਸਰਵਿਸ ਬੀ ਸੀ ਦੇ ਰਾਹੀਂ ਉਪਲਬਧ ਹੈ। ਆਪਣੇ ਏਰੀਏ ਲਈ ਢੁਕਵਾਂ ਨੰਬਰ ਡਾਇਲ ਕਰਨ ਤੋਂ ਬਾਅਦ (ਹੇਠਾਂ ਦੇਖੋ) ਪਬਲਿਕ ਗਾਰਡੀਅਨ ਐਂਡ ਟਰੱਸਟੀ ਵੱਲ ਬਦਲੇ ਜਾਣ ਲਈ ਬੇਨਤੀ ਕਰੋ।

| | |
|---|---|
| ਵੈਨਕੂਵਰ | **604 660 2421** |
| ਵਿਕਟੋਰੀਆ | **250 387 6121** |
| ਬੀ ਸੀ ਵਿਚ ਹੋਰ ਇਲਾਕੇ | **1 800 663 7867** |
| ਈਮੇਲ | **mail@trustee.bc.ca** |
| ਵੈੱਬਸਾਈਟ | **www.trustee.bc.ca** |

*ਪੀ ਜੀ ਟੀ ਦੇ ਦਫਤਰ ਦੇ ਸਮੇਂ ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰ ਦੇ 8:30 ਤੋਂ ਬਾਅਦ ਦੁਪਹਿਰ 4:30 ਵਜੇ ਤੱਕ।*